# ਤਰਜੀਹੀ ਵੋਟਿੰਗ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ?




**ਸੰਘੀ ਚੋਣਾਂ ਲਈ, ਆਸਟ੍ਰੇਲੀਆ House of Representatives (ਪ੍ਰਤੀਨਿਧੀ ਸਦਨ) ਦੀ ਚੋਣ ਕਰਨ ਲਈ ਤਰਜੀਹੀ ਵੋਟਿੰਗ ਪ੍ਰਣਾਲੀ) ਦੀ ਵਰਤੋਂ ਕਰਦਾ ਹੈ।**

ਇਸਦਾ ਮਤਲਬ ਹੈ ਕਿ ਤੁਹਾਨੂੰ ਆਪਣੀ ਪਸੰਦ ਦੇ ਅਨੁਸਾਰ ਉਮੀਦਵਾਰਾਂ ਦੀ ਕ੍ਰਮ ਵਧ ਕਰਨ ਦੀ ਲੋੜ ਹੈ। ਹਰੇ ਬੈਲਟ ਪੇਪਰ ਦੀ ਵਰਤੋਂ ਕਰਦੇ ਹੋਏ, ਜਦੋਂ **House of Representatives** (ਪ੍ਰਤੀਨਿਧੀ ਸਦਨ) ਲਈ ਵੋਟਿੰਗ ਕਰਦੇ ਹੋ ਤਾਂ ਤੁਹਾਨੂੰ ਆਪਣੀ ਤਰਜੀਹ ਦੇ ਕ੍ਰਮ ਵਿੱਚ ਸਾਰੇ ਉਮੀਦਵਾਰਾਂ ਦੇ ਨਾਂ ਅੱਗੇ ਉਨ੍ਹਾਂ ਨੂੰ ਕ੍ਰਮ ਵਧ ਕਰਨ ਦੀ ਲੋੜ ਹੁੰਦੀ ਹੈ।

ਜਿਸ ਉਮੀਦਵਾਰ ਦੇ ਅੱਗੇ ਤੁਸੀਂ ਨੰਬਰ 1 ਲਿਖਦੇ ਹੋ, ਉਹ ਵੋਟ ਪਾਉਣ ਲਈ ਤੁਹਾਡੀ ਪਹਿਲੀ ਤਰਜੀਹ ਹੈ। ਜਿਸ ਉਮੀਦਵਾਰ ਦੇ ਅੱਗੇ ਤੁਸੀਂ ਨੰਬਰ 2 ਲਿਖਦੇ ਹੋ, ਉਹ ਵੋਟ ਪਾਉਣ ਲਈ ਤੁਹਾਡੀ ਦੂਜੀ ਤਰਜੀਹ ਹੈ। ਤਾਂ ਜੋ ਤੁਹਾਡੀ ਵੋਟ ਨੂੰ ਗਿਣਤੀ ਵਿੱਚ ਸ਼ਾਮਲ ਕੀਤਾ ਜਾਵੇ, ਉਸਦੇ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਸਾਰੇ ਉਮੀਦਵਾਰਾਂ ਨੂੰ ਕ੍ਰਮ ਵਧ ਕਰੋ।

ਚੁਣੇ ਜਾਣ ਲਈ, ਉਮੀਦਵਾਰ ਨੂੰ ਪੂਰਨ ਬਹੁਮਤ ਦੀ ਲੋੜ ਹੁੰਦੀ ਹੈ ਜਿਸਦਾ ਮਤਲਬ ਹੈ ਕਿ ਉਹਨਾਂ ਦੇ ਚੋਣ ਹਲਕੇ ਦੇ ਵੋਟਰਾਂ ਤੋਂ ਅੱਧੇ ਤੋਂ ਵੱਧ ਵੋਟਾਂ ਪ੍ਰਾਪਤ ਕਰਨਾ। ਚੋਣ ਹਲਕਾ ਕਿਸੇ ਤੈਅ-ਸ਼ੁਦਾ ਖੇਤਰ ਵਿੱਚ ਉਹਨਾਂ ਲੋਕਾਂ ਦੀ ਸੰਖਿਆ ਹੈ ਜੋ ਚੋਣਾਂ ਵਿੱਚ ਵੋਟ ਪਾ ਸਕਦੇ ਹਨ।

## House of Representatives (ਪ੍ਰਤੀਨਿਧੀ ਸਦਨ) ਵਿੱਚ ਵੋਟਾਂ ਦੀ ਗਿਣਤੀ ਕਿਵੇਂ ਕੀਤੀ ਜਾਂਦੀ ਹੈ?



# ਤਰਜੀਹੀ ਵੋਟਿੰਗ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ?

## ਉਦਾਹਰਨ

ਨੀਆ ਦੀ ਸੰਸਥਾ ਤਰਜੀਹੀ ਵੋਟਿੰਗ ਪ੍ਰਣਾਲੀ ਦੀ ਵਰਤੋਂ ਕਰਕੇ ਪ੍ਰਧਾਨ ਦੀ ਚੋਣ ਕਰਵਾ ਰਹੀ ਹੈ।




ਅਗਲਾ ਪ੍ਰਧਾਨ ਬਣਨ ਲਈ ਚਾਰ ਉਮੀਦਵਾਰ ਮੈਦਾਨ ਵਿੱਚ ਹਨ ਅਤੇ ਇਸ ਚੋਣ ਵਿੱਚ 25 ਔਰਤਾਂ ਆਪਣੀ ਵੋਟ ਪਾਉਣਗੀਆਂ।



ਜਿੱਤਣ ਲਈ ਉਮੀਦਵਾਰ ਨੂੰ 13 ਵੋਟਾਂ ਦੀ ਲੋੜ ਹੋਵੇਗੀ। ਇਸ ਨੂੰ ਪੂਰਨ ਬਹੁਮਤ ਕਿਹਾ ਜਾਂਦਾ ਹੈ।



ਵੋਟਾਂ ਵਾਲੇ ਦਿਨ, ਨੀਆ ਨੂੰ ਚਾਰ ਉਮੀਦਵਾਰਾਂ: ਮੋਰੋਜ, ਮਾਰਜਨ, ਲੈਲਾ ਅਤੇ ਨਿਓਮੀ ਦੇ ਨਾਵਾਂ ਵਾਲਾ ਬੈਲਟ ਪੇਪਰ ਮਿਲਦਾ ਹੈ।

ਨੀਆ ਆਪਣੀ ਤਰਜੀਹ ਦੇ ਕ੍ਰਮ ਅਨੁਸਾਰ ਹਰੇਕ ਉਮੀਦਵਾਰ ਲਈ ਇੱਕ ਨੰਬਰ ਲਿਖਦੀ ਹੈ, 1 ਮਰਜਾਨ, 2 ਮੋਰੋਜ, 3 ਨਿਓਮੀ, 4 ਲੈਲਾ।




6 ਔਰਤਾਂ ਨੇ ਮਾਰਜਨ ਨੂੰ ਆਪਣੀ ਪਹਿਲੀ ਤਰਜੀਹ ਵਜੋਂ ਚੁਣਿਆ, 3 ਔਰਤਾਂ ਨੇ ਮੋਰੋਜ ਨੂੰ ਚੁਣਿਆ, 6 ਔਰਤਾਂ ਨੇ ਨਾਓਮੀ ਨੂੰ ਅਤੇ 10 ਔਰਤਾਂ ਨੇ ਲੈਲਾ ਨੂੰ ਚੁਣਿਆ।

ਮੋਰੋਜ ਨੂੰ ਸਭ ਤੋਂ ਘੱਟ ਵੋਟਾਂ ਮਿਲੀਆਂ, ਇਸ ਲਈ ਉਹ ਚੋਣ ਵਿੱਚੋਂ ਬਾਹਰ ਹੋ ਗਈ।




ਹੁਣ ਮੋਰੋਜ ਨੂੰ ਵੋਟ ਪਾਉਣ ਵਾਲੀਆਂ ਔਰਤਾਂ ਦੀ ਦੂਜੀ ਤਰਜੀਹ ਮੁਤਾਬਿਕ ਵੋਟਾਂ ਨੂੰ ਮਾਰਜਨ, ਨਿਓਮੀ ਅਤੇ ਲੈਲਾ ਦੀਆਂ ਵੋਟਾਂ ਵਿੱਚ ਜੋੜ ਦਿੱਤਾ ਗਿਆ।



ਇਸਦਾ ਮਤਲਬ ਇਹ ਹੈ ਕਿ ਜੇਕਰ ਕੋਈ ਮਾਰਜਨ ਨੂੰ ਆਪਣੀ ਦੂਜੀ ਤਰਜੀਹ ਅਤੇ ਮੋਰੋਜ ਨੂੰ ਆਪਣੀ ਪਹਿਲੀ ਤਰਜੀਹ ਵਜੋਂ ਰੱਖਦਾ ਹੈ, ਤਾਂ ਮਾਰਜਨ ਨੂੰ ਹੁਣ ਇੱਕ ਵਾਧੂ ਵੋਟ ਮਿਲੇਗਾ। ਮੋਰੋਜ ਨੂੰ ਵੋਟ ਪਾਉਣ ਵਾਲੇ ਲੋਕਾਂ ਦੀ ਦੂਜੀ ਤਰਜੀਹ ਅਨੁਸਾਰ ਵੋਟਾਂ ਨੂੰ ਬਾਕੀ ਉਮੀਦਵਾਰਾਂ ਲਈ ਗਿਣਤੀ ਕਰਨ ਤੋਂ ਬਾਅਦ, ਮਰਜਾਨ ਕੋਲ 6 ਵੋਟਾਂ, ਨਿਓਮੀ ਕੋਲ 6 ਵੋਟਾਂ ਅਤੇ ਲੈਲਾ ਕੋਲ 13 ਵੋਟਾਂ ਹਨ।




ਲੈਲਾ ਨੂੰ ਸੰਸਥਾ ਦਾ ਨਵਾਂ ਪ੍ਰਧਾਨ ਚੁਣ ਲਿਆ ਗਿਆ ਹੈ।

